**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

# ਪੰਜਾਬ ਦੀ ਭੂਗੋਲਿਕਤਾ, ਇਤਿਹਾਸਿਕ ਸ੍ਰੋਤ ਅਤੇ ਮਹੱਤਤਾ

**ਮਨਦੀਪ ਕੌਰ**,
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

**ਸਾਰ:-** ਪ੍ਰਾਚੀਨ ਕਾਲ ਤੋਂ ਹੀ ਪੰਜਾਬ ਪ੍ਰਦੇਸ਼ ਇੱਕ ਰਾਜਨੀਤਿਕ ਇਕਾਈ ਵਿੱਚ ਬੱਝਿਆ ਨਹੀਂ ਰਿਹਾ ਹੈ, ਪ੍ਰੰਤੂ ਇਸਦੀ ਭੂਗੋਲਿਕ ਅਤੇ ਇਤਿਹਾਸਿਕ ਹੋਂਦ ਨਿਸ਼ਚਿਤ ਰੂਪ ਵਿੱਚ ਹਮੇਸ਼ਾਂ ਹੀ ਰਹੀ ਹੈ। ਪੰਜਾਬ ਦੀਆਂ ਹੱਦਾਂ ਅਨੇਕਾਂ ਵਾਰ ਪੰਜ-ਦਰਿਆਵਾਂ ਵਿਚਲੀ ਧਰਤੀ ਵਿੱਚ ਅਤੇ ਕਈ ਵਾਰ ਪੰਜ ਦਰਿਆਵਾਂ ਦੀ ਧਰਤੀ ਤੋਂ ਬਾਹਰ ਵੀ ਵਿਚਰਦੀਆਂ ਰਹੀਆਂ ਹਨ। ਅਸਲ ਵਿੱਚ ਪੰਜਾਬ ਭਾਰਤ ਦੇ ਵਿਸ਼ਾਲ ਦਰਿਆਈ ਮੈਦਾਨਾਂ ਦਾ ਇੱਕ ਅੰਗ ਹੈ, ਪਰ ਪੁਰਾਤਨ ਵੇਲਿਆਂ ਤੋਂ ਹੀ ਪੰਜਾਬ ਦਾ ਸਮਾਜਿਕ ਅਤੇ ਸੱਭਿਆਚਾਰਕ ਢਾਂਚਾ ਗੰਗਾ-ਜਮਨਾ ਦੁਆਬ ਨਾਲੋਂ ਭਿੰਨਤਾ ਵਾਲਾ ਰਿਹਾ ਹੈ। ਪੰਜਾਬ ਧਰਤੀ ਦਾ ਉਹ ਪੰਘੂੜਾ ਹੈ, ਜਿੱਥੇ ਸੂਫ਼ੀ-ਸੰਤਾਂ, ਗੁਰੂਆਂ-ਪੀਰਾਂ ਅਤੇ ਨਾਥਾਂ-ਜੋਗੀਆਂ ਨੇ ਜਨਮ ਲਿਆ। ਜਿੱਥੇ 'ਖ਼ਾਲਸਾ ਪੰਥ' ਦੀ ਨੀਂਹ ਰੱਖੀ ਗਈ, ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਉਪਦੇਸ਼ ਦੇ ਕੇ ਹਰ ਪ੍ਰਕਾਰ ਦੇ ਭੇਦ-ਭਾਵ ਵਾਲੇ ਵਰਤਾਰੇ ਨੂੰ ਮਿਟਾਇਆ ਅਤੇ ਸਰਬ-ਸਾਂਝੀਵਾਲਤਾ ਵਾਲੀ ਜੀਵਨ ਜਾਚ ਸਿਖਾਉਣ ਵਾਲੇ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਰਚਨਾ/ਸੰਪਾਦਨਾ ਹੋਈ। ਇਸ ਪੰਘੂੜੇ ਦੇ ਵਾਸੀ ਮੁੱਢੋਂ ਹੀ ਸੰਘਰਸ਼ਸ਼ੀਲ ਰਹੇ ਹਨ, ਲੋਕ ਉਕਤੀ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਉਨ੍ਹਾਂ ਦੇ ਇਸੇ ਅਕਸ ਨੂੰ ਰੂਪਮਾਨ ਕਰਦੀ ਹੈ। ਇੱਥੋਂ ਦੇ ਲੋਕਾਂ ਨੇ ਅਹਿਮਦ ਸ਼ਾਹ ਅਬਦਾਲੀ, ਮਹਿਮੂਦ ਗਜ਼ਨਵੀ ਅਤੇ ਨਾਦਰਸ਼ਾਹ ਵਰਗੇ ਧਾੜਵੀਆਂ ਦਾ ਬੜੀ ਦ੍ਰਿੜਤਾ ਤੇ ਦਲੇਰੀ ਨਾਲ ਸਾਹਮਣਾ ਕੀਤਾ। ਆਦਿ ਕਾਲ ਤੋਂ ਸਮਕਾਲ ਤੱਕ ਪਹੁੰਚਦਿਆਂ ਪੰਜਾਬੀ ਲੋਕਾਂ ਨੇ ਅਨੇਕਾਂ ਵਿਦੇਸ਼ੀ ਹੱਲਿਆਂ ਦੀ ਮਾਰ ਝੱਲੀ ਤੇ ਅਨੇਕਾਂ ਵਾਰ ਉੱਜੜ ਕੇ ਮੁੜ ਵੱਸੇ।

**ਮੁੱਖ ਸ਼ਬਦ:-** ਭਾਰਤ, ਇਤਿਹਾਸ, ਪ੍ਰਾਚੀਨ, ਪੰਜਾਬ, ਮੁਗ਼ਲ, ਸ੍ਰੋਤ/ਸੋਮੇ, ਸਮਾਜ, ਸਾਮਰਾਜ।

**ਜਾਣ-ਪਛਾਣ:-** ਸਾਹਿਤਕਾਰਾਂ ਨੇ ਪੰਜਾਬ ਨੂੰ ਵਿਸ਼ਵ ਦਾ ਸਰਵੋਤਮ ਦੇਸ਼ ਮੰਨਿਆ ਹੈ। ਸ਼੍ਰੋਮਣੀ ਕਵੀ 'ਫ਼ਿਰੋਜ਼ਦੀਨ ਸ਼ਰਫ਼' ਨੇ ਪੰਜਾਬ ਨੂੰ ਵਿਸ਼ਵ ਦਾ ਸਭ ਤੋਂ ਉੱਤਮ ਦੇਸ਼ ਹੀ ਨਹੀਂ ਮੰਨਿਆ, ਸਗੋਂ ਪੰਜਾਬ ਦੀ ਤੁਲਨਾ ਫੁੱਲਾਂ ਦੇ ਸਰਤਾਜ ਗੁਲਾਬ ਦੇ ਫੁੱਲ ਨਾਲ ਵੀ ਕੀਤੀ ਹੈ। ਮਹਾਂਕਵੀ ਲਿਖਦੇ ਹਨ:

"ਸੋਹਣਿਆਂ ਦੇਸ਼ਾਂ ਅੰਦਰ ਦੇਸ਼ ਪੰਜਾਬ ਨੀ ਸਈਓ,
ਜਿਵੇਂ ਫੁੱਲਾਂ ਅੰਦਰ ਫੁੱਲ ਗੁਲਾਬ ਨੀ ਸਈਓ।"

ਨੋਬਲ ਇਨਾਮ ਜੇਤੂ ਮਹਾਂਕਵੀ ਰਵਿੰਦਰ ਨਾਥ ਟੈਗੋਰ ਜੀ ਆਖਦੇ ਹਨ, ਪੰਜਾਬ ਸੰਸਾਰ ਦਾ ਉਹ ਅੰਗ ਹੈ, ਜਿਸਨੇ ਸੰਸਾਰ ਦੀ ਸਭ ਤੋਂ ਪਹਿਲੀ ਨੀਲੀ, ਹਵਾਦਾਰ ਪੂਰਬੀ ਪਹੁ-ਫੁਟਾਲੇ ਦੀ ਨੁਹਾਰ ਨੂੰ ਮਾਣਿਆ ਹੈ। ਪੰਜਾਬ ਦੇ ਸੁੰਦਰ ਸੰਘਣੇ ਜੰਗਲਾਂ ਵਿੱਚ ਸਾਮਵੇਦ ਦੇ ਮੰਤਰ ਰਚੇ ਗਏ। ਸੰਸਾਰ ਦਾ ਸਭ ਤੋਂ ਪਹਿਲਾ ਮਨੁੱਖ ਪੰਜਾਬ ਦੇ ਮੈਦਾਨਾਂ ਵਿੱਚ ਹੀ ਵਿਚਰਿਆ ਸੀ। ਸਭ ਤੋਂ ਪ੍ਰਾਚੀਨ ਅਤੇ ਸਭ ਤੋਂ ਵਧੀਆ ਭਾਰਤੀ ਸੰਸਕ੍ਰਿਤੀ ਪੰਜਾਬ ਦੀ ਮਿੱਟੀ ਵਿੱਚ ਖੇਡ, ਪਲ ਕੇ ਚੋਟੀ 'ਤੇ ਪਹੁੰਚੀ ਹੈ।[1]

ਪੰਜਾਬ ਉੱਤਰ-ਦੱਖਣੀ ਏਸ਼ੀਆ ਵਿੱਚ ਇੱਕ ਭੂਗੋਲਿਕ, ਸੱਭਿਆਚਾਰਕ ਅਤੇ ਇਤਿਹਾਸਕ ਖਿੱਤਾ ਹੈ। ਪੰਜਾਬ ਖਿੱਤੇ ਵਿੱਚ

[1] ਡਾ. ਮਲਕੀਤ ਸਿੰਘ, *ਜੌਗਰਫ਼ੀ ਆਫ਼ ਪੰਜਾਬ,* ਰਸਮੀਤ ਪ੍ਰਕਾਸ਼ਨ, ਜਲੰਧਰ, 2010, ਪੰਨਾ 3

ਚੜ੍ਹਦਾ ਪੰਜਾਬ, ਲਹਿੰਦਾ ਪੰਜਾਬ, ਕਸ਼ਮੀਰ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰੀ ਰਾਜਸਥਾਨ, ਇਸਲਾਮਾਬਾਦ ਕੈਪੀਟਲ ਟੈਰਾਟੋਰੀ ਅਤੇ ਖ਼ੈਬਰ ਪਖ਼ਤੂਨਖ਼ਵਾ ਸ਼ਾਮਿਲ ਹਨ।[2]

**ਪੰਜਾਬ ਦੀ ਭੂਗੋਲਿਕ ਸਥਿਤੀ ਇੱਕ ਨਜ਼ਰ-** ਭਾਰਤੀ ਉਪ-ਮਹਾਂਦੀਪ ਦੇ ਇਸ ਖੇਤਰ ਨੂੰ ਪੰਜਾਬ ਦਾ ਨਾਂ ਦੇਣਾ ਇਤਿਹਾਸਿਕ ਅਤੇ ਭੂਗੋਲਿਕ ਪੱਖ ਤੋਂ ਬਿਲਕੁਲ ਢੁੱਕਵਾਂ ਅਤੇ ਉਚਿਤ ਜਾਪਦਾ ਹੈ ਕਿਉਂਕਿ ਇੱਥੇ ਪੰਜ ਦਰਿਆ- ਸਤਲੁਜ, ਬਿਆਸ, ਰਾਵੀ, ਝਨਾਬ ਅਤੇ ਜਿਹਲਮ ਵਗਦੇ ਸਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭੂਗੋਲਿਕ ਉਦੇਸ਼ ਤੋਂ ਪੰਜ ਦਰਿਆਵਾਂ ਦੀ ਧਰਤੀ ਨੂੰ 'ਪੰਜਾਬ' ਆਖਣਾ ਉਚਿਤ ਹੈ। ਪੰਜਾਬ ਬਿਨਾਂ ਸ਼ੱਕ ਭਾਰਤ ਦੇ ਵਿਸ਼ਾਲ ਦਰਿਆਈ ਮੈਦਾਨਾਂ ਨਾਲ ਸੰਬੰਧਿਤ ਪ੍ਰਦੇਸ਼ ਹੈ। ਵਰਤਮਾਨ ਪੰਜਾਬ ਭਾਰਤ ਦੇਸ਼ ਦਾ ਸਿਰਕੱਢ ਰਾਜ ਹੈ। ਜਿਹੜਾ ਪਹਿਲੀ ਨਵੰਬਰ, 1966 ਈ. ਨੂੰ ਭਾਸ਼ਾ ਦੇ ਆਧਾਰ 'ਤੇ ਵਿਸ਼ਾਲ ਪੰਜਾਬ ਦੇ ਪੁਨਰਗਠਨ ਬਾਅਦ ਹੋਂਦ ਵਿੱਚ ਆਇਆ ਸੀ। ਪੰਜਾਬ ਦੀਆਂ ਸੀਮਾਵਾਂ ਪਾਕਿਸਤਾਨ, ਜੰਮੂ ਤੇ ਕਸ਼ਮੀਰ, ਹਰਿਆਣਾ ਤੇ ਰਾਜਸਥਾਨ ਰਾਜਾਂ ਨੂੰ ਛੂੰਹਦੀਆਂ ਹਨ।

ਪੰਜਾਬ ਰਾਜ ਭੂਗੋਲਿਕ ਦ੍ਰਿਸ਼ਟੀ ਤੋਂ 29°32 ਉੱਤਰੀ ਅਕਸ਼ਾਂਸ ਤੋਂ 32°32 ਉੱਤਰੀ ਅਕਸ਼ਾਂਸ ਤੱਕ ਅਤੇ 73°55 ਪੂਰਬੀ ਦੇਸ਼ਾਂਤਰ ਤੋਂ 76°60 ਪੂਰਬੀ ਦੇਸ਼ਾਂਤਰ ਵਿਚਕਾਰ ਫ਼ੈਲਿਆ ਹੈ। ਪੰਜਾਬ ਦੀਆਂ ਉੱਤਰ-ਪੱਛਮੀ ਸੀਮਾਵਾਂ ਪਾਕਿਸਤਾਨ ਨਾਲ ਲੱਗਦੀਆਂ ਹਨ ਅਰਥਾਤ ਅੰਤਰਰਾਸ਼ਟਰੀ ਸੀਮਾਵਾਂ ਹਨ। ਪਾਕਿਸਤਾਨ ਅਤੇ ਭਾਰਤ ਦੇ ਆਪਸੀ ਸੰਬੰਧ ਚੰਗੇ ਨਾ ਹੋਣ ਕਰਕੇ ਰਾਜ ਦੀਆਂ ਉੱਤਰ-ਪੱਛਮੀ ਸੀਮਾਵਾਂ ਬਹੁਤ ਜ਼ਿਆਦਾ ਮਹੱਤਵ ਗ੍ਰਹਿਣ ਕਰ ਗਈਆਂ ਹਨ। ਰਾਜ ਦੇ ਉੱਤਰ ਵੱਲ ਨੂੰ ਜੰਮੂ-ਕਸ਼ਮੀਰ ਰਾਜ, ਉੱਤਰ ਪੂਰਬ ਵੱਲ ਨੂੰ ਹਿਮਾਚਲ ਪ੍ਰਦੇਸ਼, ਦੱਖਣ ਵੱਲ ਹਰਿਆਣਾ ਰਾਜ ਅਤੇ ਦੱਖਣ ਪੱਛਮ ਵੱਲ ਰਾਜਸਥਾਨ ਸਥਿਤ ਹਨ। ਵਰਤਮਾਨ ਪੰਜਾਬ ਰਾਜ ਦਾ ਕੁੱਲ ਖੇਤਰਫਲ ਲਗਭਗ 50362 ਵਰਗ ਕਿਲੋਮੀਟਰ ਹੈ। ਧੁਰ ਪੂਰਬੀ ਕਿਨਾਰੇ 'ਤੇ ਆਪਸੀ ਫ਼ਾਸਲਾ ਲਗਭਗ 335 ਕਿਲੋਮੀਟਰ ਅਤੇ ਧੁਰ ਪੂਰਬੀ ਕਿਨਾਰੇ ਤੇ ਧੁਰ ਪੱਛਮੀ ਕਿਨਾਰੇ ਦੇ ਵਿਚਕਾਰ ਦਾ ਆਪਸੀ ਫ਼ਾਸਲਾ ਲਗਭਗ 300 ਕਿਲੋਮੀਟਰ ਹੈ।[3]

**'ਪੰਜਾਬ' ਸ਼ਬਦ (ਨਾਂ) ਦੇ ਅਰਥ, ਬਦਲਦੇ ਨਾਮਾਂ ਦਾ ਵੇਰਵਾ ਤੇ ਵਿਸਥਾਰ-** ਪੰਜ ਦਰਿਆਵਾਂ ਦੀ ਭੂਮੀ ਨੂੰ ਹਮੇਸ਼ਾਂ ਹੀ ਪੰਜਾਬ ਦੇ ਨਾਂ ਨਾਲ ਨਹੀਂ ਪੁਕਾਰਿਆ ਜਾਂਦਾ ਰਿਹਾ, ਸਗੋਂ ਭਿੰਨ-ਭਿੰਨ ਸਮੇਂ ਇਸਦੇ ਵੱਖੋ-ਵੱਖਰੇ ਨਾਂ ਪ੍ਰਚੱਲਿਤ ਰਹੇ ਹਨ। 'ਰਿਗਵੇਦ' ਗ੍ਰੰਥ ਵਿੱਚ ਪੰਜਾਬ ਲਈ 'ਸਪਤ ਸਿੰਧੂ' ਨਾਂ ਸੰਬੋਧਿਤ ਕੀਤਾ ਗਿਆ ਹੈ। 'ਸਪਤ ਸਿੰਧੂ' ਭਾਵ ਸੱਤ ਦਰਿਆਵਾਂ ਵਿੱਚ ਪੰਜਾਬ ਦੇ ਪੰਜ ਦਰਿਆਵਾਂ (ਸਤਲੁਜ, ਬਿਆਸ, ਰਾਵੀ, ਝਨਾਬ ਅਤੇ ਜਿਹਲਮ) ਦੇ ਨਾਲ ਧੁਰ ਪੂਰਬ ਵੱਲ ਨੂੰ ਵਗਦਾ ਸਰਸਵਤੀ ਦਰਿਆ ਅਤੇ ਧੁਰ ਪੱਛਮ ਵਿੱਚ ਵਗਦਾ ਵਰਤਮਾਨ ਕਾਬਲ ਦਰਿਆ, ਜਿਹੜਾ ਇਤਿਹਾਸਿਕ ਪੰਨਿਆਂ ਵਿੱਚ 'ਕੁੱਭਾ' ਦਰਿਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।[4]

'ਪੰਜਾਬ' ਸ਼ਬਦ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ 'ਪੰਜ' ਅਤੇ 'ਆਬ' ਦੇ ਸੁਮੇਲ ਤੋਂ ਬਣਿਆ ਹੈ। ਇੱਥੇ ਪੰਜ ਸ਼ਬਦ ਗਿਣਤੀ ਦੇ ਅੰਕ ਦਾ ਸੂਚਕ ਹੈ ਅਤੇ 'ਆਬ' ਸ਼ਬਦ ਪਾਣੀ ਦੇ ਅਰਥਾਂ ਦਾ ਲਖਾਇਕ ਹੈ। ਇਸ ਤਰ੍ਹਾਂ 'ਪੰਜਾਬ' ਸ਼ਬਦ ਦਾ ਅਰਥ ਹੈ- ਪੰਜ ਪਾਣੀ ਭਾਵ ਪੰਜ ਦਰਿਆਵਾਂ ਦੀ ਧਰਤੀ।[5] ਈਸਾ ਤੋਂ ਚਾਰ ਸਦੀਆਂ ਪਹਿਲਾਂ ਪੰਜਾਬ 'ਤੇ ਯੂਨਾਨੀਆਂ ਨੇ ਕਬਜ਼ਾ ਕਰ ਲਿਆ ਤਾਂ ਪੰਜਾਬ ਨੂੰ 'ਪੈਂਟਾਪੋਟੇਮੀਆ' ਆਖਿਆ ਗਿਆ। ਪੈਂਟਾਪੋਟੇਮੀਆ ਦੋ ਸ਼ਬਦਾਂ 'ਪੈਂਟਾ' ਭਾਵ ਪੰਜ ਅਤੇ 'ਪੋਟੇਮੀਆ' ਦਾ ਅਰਥ ਪਾਣੀ ਦੇ

---

[2] ਉਹੀ, ਪੰਨਾ 4-5

[3] ਉਹੀ, ਪੰਨਾ 3-4

[4] ਉਹੀ, ਪੰਨਾ 4

[5] ਉਹੀ, ਪੰਨਾ 7-8

**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਸੁਮੇਲ ਤੋਂ ਹੋਂਦ ਵਿੱਚ ਆਇਆ ਹੈ। 'ਕਨਿੰਘਮ' ਦੇ ਵਿਚਾਰਾਂ ਅਨੁਸਾਰ, "ਪੂਰਬ ਦਿਸ਼ਾ ਵਿੱਚ ਬਿਆਸ ਤੋਂ ਲੈ ਕੇ ਪੱਛਮ ਦਿਸ਼ਾ ਵਿੱਚ ਸਿੰਧ ਦਰਿਆ ਤੱਕ ਟੱਕ ਨਾਮੀ ਸ਼ਕਤੀਸ਼ਾਲੀ ਕਬੀਲਾ ਵਸਦਾ ਸੀ ਅਤੇ ਇਸ ਖੇਤਰ 'ਤੇ ਰਾਜ ਵੀ ਕਰਦਾ ਸੀ। ਅਜਿਹਾ ਹੋਣ ਕਰਕੇ ਕਈ ਵਾਰ ਪੰਜਾਬ ਨੂੰ ਟੱਕੀ ਜਾਂ ਟੱਕ ਦੇਸ਼ ਵੀ ਆਖ ਦਿੱਤਾ ਜਾਂਦਾ ਸੀ।"

ਅਸਲ ਵਿੱਚ 'ਪੰਜਾਬ' ਸ਼ਬਦ ਦੀ ਸਭ ਤੋਂ ਪਹਿਲੀ ਵਾਰ ਹੋਈ ਵਰਤੋਂ ਇਬਨ ਬਤੂਤਾ ਦੀਆਂ ਲਿਖਤਾਂ ਵਿੱਚ ਮਿਲਦੀ ਹੈ, ਜੋ 14ਵੀਂ ਸਦੀ ਵਿੱਚ ਇਸ ਇਲਾਕੇ ਵਿੱਚ ਆਇਆ ਸੀ। ਇਸਦੀ ਵੱਡੇ ਪੱਧਰ 'ਤੇ ਵਰਤੋਂ 16ਵੀਂ ਸਦੀ ਦੇ ਦੂਜੇ ਹਿੱਸੇ ਦੀ ਕਿਤਾਬ 'ਤਰੀਖ਼ ਸ਼ੇਰ ਸ਼ਾਹ ਸੂਰੀ' ਵਿੱਚ ਮਿਲਦੀ ਹੈ, ਜਿਸ ਵਿੱਚ 'ਪੰਜਾਬ' ਸ਼ਬਦ ਸ਼ੇਰਖ਼ਾਨ ਦੇ ਕਿਲ੍ਹੇ ਦੀ ਉਸਾਰੀ ਦੇ ਹਵਾਲੇ ਨਾਲ ਆਉਂਦਾ ਹੈ। ਇਸ ਤੋਂ ਪਹਿਲਾਂ ਪੰਜਾਬ ਵਰਗਾ ਜ਼ਿਕਰ ਮਹਾਂਭਾਰਤ ਦੇ ਕਿੱਸੇ ਕਹਾਣੀਆਂ ਵਿੱਚ ਵੀ ਹੈ ਜੋ ਪੰਚ-ਨਦ (ਪੰਜ ਨਦੀਆਂ) ਦੇ ਹਵਾਲੇ ਨਾਲ ਹੈ। ਇਸਦੇ ਮਗਰੋਂ 'ਆਈਨ-ਏ-ਅਕਬਰੀ' ਵਿੱਚ ਅਬੁਲ ਫ਼ਜ਼ਲ ਨੇ ਲਿਖਿਆ ਹੈ ਕਿ ਇਹ ਉਸ ਸਮੇਂ ਦੋ ਹਿੱਸਿਆਂ ਵਿੱਚ ਵੰਡਿਆ ਸੀ, ਲਾਹੌਰ ਤੇ ਮੁਲਤਾਨ। ਇਸ ਆਈਨ-ਏ-ਅਕਬਰੀ ਦੇ ਦੂਜੇ ਹਿੱਸੇ ਵਿੱਚ ਅਬੁਲ ਫ਼ਜ਼ਲ ਨੇ ਪੰਜਾਬ ਨੂੰ ਪੰਜ-ਨਦ ਲਿਖਿਆ ਹੈ। ਇਸਦੇ ਇਲਾਵਾ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਆਪਣੀ 'ਤੁਜ਼ਕ-ਏ-ਜਹਾਂਗੀਰੀ' ਵਿੱਚ ਵੀ ਪੰਜਾਬ ਲਫ਼ਜ਼ ਵਰਤਿਆ ਹੈ।[6]

**ਪੰਜਾਬ ਦੇ ਇਤਿਹਾਸਿਕ ਸ੍ਰੋਤ-** ਜਦੋਂ ਅਸੀਂ ਪੰਜਾਬ ਦੇ ਇਤਿਹਾਸਿਕ ਸੋਮਿਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਮੁਸਲਿਮ ਇਤਿਹਾਸਕਾਰਾਂ/ਲੇਖਕਾਂ ਦੁਆਰਾ ਲਿਖੇ ਗਏ ਫ਼ਾਰਸੀ ਭਾਸ਼ਾ ਆਧਾਰਿਤ ਸ੍ਰੋਤਾਂ ਵਿੱਚ ਪੱਖਪਾਤ-ਪੂਰਨ ਵਿਚਾਰ ਪ੍ਰਗਟਾਏ ਗਏ ਹਨ। ਪੰਜਾਬ ਵਿੱਚ ਫ਼ੈਲੀ ਰਾਜਨੀਤਿਕ ਉਥਲ-ਪੁਥਲ ਅਤੇ ਵਿਦੇਸ਼ੀ ਹਮਲਾਵਰਾਂ ਦੇ ਹੱਲਿਆਂ ਕਾਰਨ ਪੰਜਾਬ ਦੇ ਬਹੁਮੁੱਲੇ ਇਤਿਹਾਸਿਕ ਸ੍ਰੋਤ ਸਮੇਂ-ਸਮੇਂ 'ਤੇ ਬਰਬਾਦ ਹੁੰਦੇ ਰਹੇ ਹਨ। ਇਸ ਕਾਰਨ ਸਿੱਖਾਂ ਨੂੰ ਵੀ ਆਪਣਾ ਇਤਿਹਾਸ ਲਿਖਣ ਲਈ ਸੁਖਾਵਾਂ ਮਾਹੌਲ ਨਸੀਬ ਨਹੀਂ ਹੋਇਆ। 1947 ਈ. ਦੀ ਹਿੰਦੂਸਤਾਨ ਦੀ ਵੰਡ ਕਾਰਨ ਵੀ ਬਹੁਤ ਸਾਰੇ ਇਤਿਹਾਸਿਕ ਸ੍ਰੋਤ ਖ਼ਤਮ ਹੋ ਗਏ। ਪੰਜਾਬ ਦੇ ਮੁੱਢਲੇ ਇਤਿਹਾਸਿਕ ਦਸਤਾਵੇਜ਼ਾਂ ਵਿੱਚ ਫ਼ਾਰਸੀ ਦੀਆਂ ਇਤਿਹਾਸਿਕ ਪੁਸਤਕਾਂ ਵਿੱਚ ਮੁਗ਼ਲ ਬਾਦਸ਼ਾਹ ਬਾਬਰ ਦੀ ਰਚਨਾ 'ਬਾਬਰਨਾਮਾ' ਵਿੱਚੋਂ 16ਵੀਂ ਸਦੀ ਦੇ ਸ਼ੁਰੂਆਤੀ ਦੌਰ ਦੇ ਪੰਜਾਬ ਬਾਰੇ ਇਤਿਹਾਸਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਬੁਲ ਫ਼ਜ਼ਲ ਦੁਆਰਾ ਰਚੀਆਂ ਪੁਸਤਕਾਂ 'ਆਈਨ-ਏ-ਅਕਬਰੀ' ਅਤੇ 'ਅਕਬਰਨਾਮਾ' ਤੋਂ ਅਕਬਰ ਦੇ ਸਿੱਖ ਗੁਰੂ ਸਾਹਿਬਾਨਾਂ ਨਾਲ ਸੰਬੰਧਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਮੁਬੀਦ ਜ਼ੁਲਫ਼ਿਕਾਰ ਅਰਦਿਸਤਾਨੀ ਦੁਆਰਾ ਰਚਿਤ ਪੁਸਤਕ 'ਦਾਬਿਸਤਾਨ-ਏ-ਮਜ਼ਾਹਿਬ' ਵਿੱਚ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ ਅਤੇ ਉਨ੍ਹਾਂ ਦੇ ਵਿਚਾਰਾਂ ਬਾਰੇ ਵਡਮੁੱਲੀ ਇਤਿਹਾਸਿਕ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਸੁਜਾਨ ਰਾਏ ਭੰਡਾਰੀ ਦੀ 'ਖੁਲਾਸਤ-ਉੱਲ-ਤਵਾਰੀਖ', ਖ਼ਾਫ਼ੀ ਖ਼ਾਂ ਦੀ 'ਮੁੰਤਬਿਬ-ਉਲ-ਲੁਬਾਬ' ਅਤੇ ਕਾਜ਼ੀ ਨੂਰ ਮੁਹੰਮਦ ਦੁਆਰਾ ਰਚਿਤ 'ਜੰਗਨਾਮਾ' ਤੋਂ 18ਵੀਂ ਸਦੀ ਦੇ ਪੰਜਾਬ ਦੀ ਰਾਜਨੀਤਿਕ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਰਹਿਤਲ-ਬਹਿਤਲ ਦਾ ਪਤਾ ਲੱਗਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਵਾਲੇ ਪੰਜਾਬ ਬਾਰੇ ਮਿਲਦੇ ਇਤਿਹਾਸਿਕ ਦਸਤਾਵੇਜ਼ਾਂ/ਸ੍ਰੋਤਾਂ ਵਿੱਚ ਸੋਹਣ ਲਾਲ ਸੂਰੀ ਰਚਿਤ 'ਉਮਦਤ-ਉੱਲ-ਤਵਾਰੀਖ', ਦੀਵਾਨ ਅਮਰ ਨਾਥ ਰਚਿਤ 'ਜ਼ਫ਼ਰਨਾਮਾ-ਏ-ਰਣਜੀਤ ਸਿੰਘ', ਅਲਾਉਦੀਨ ਮੁਫ਼ਤੀ ਰਚਿਤ 'ਇਬਾਰਤਨਾਮਾ' ਅਤੇ ਗਣੇਸ਼ ਦਾਸ ਵਡੇਹਰਾ ਰਚਿਤ 'ਚਾਰ ਬਾਗ਼-ਏ-ਪੰਜਾਬ' ਆਦਿ ਰਚਨਾਵਾਂ ਬੜੀਆਂ ਮਹੱਤਵਪੂਰਨ ਹਨ। ਜਿਨ੍ਹਾਂ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਨਾਲ ਸੰਬੰਧਿਤ ਘਟਨਾਵਾਂ ਦਾ ਵਿਸਤ੍ਰਿਤ ਵੇਰਵਾ ਪ੍ਰਾਪਤ ਹੁੰਦਾ ਹੈ।

ਸਿੱਖਾਂ ਦਾ ਧਾਰਮਿਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਮਹੱਤਵਪੂਰਨ ਸੋਮਾ ਹੈ। ਜਿਸ ਵਿੱਚ ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ:

[6] ਉਹੀ, ਪੰਨਾ 9-10

(ੳ) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥[7]

(ਅ) ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥[8]

(ੲ) ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ॥[9]

ਇਸ ਤੋਂ ਇਲਾਵਾ ਇਸ ਗ੍ਰੰਥ ਵਿੱਚ 15ਵੀਂ ਤੇ 16ਵੀਂ ਸਦੀ ਦੇ ਪੰਜਾਬ ਦੇ ਰਾਜਨੀਤਿਕ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਪੱਖਾਂ ਬਾਰੇ ਵਡਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ। 'ਦਸਮ ਗ੍ਰੰਥ' ਵਿੱਚ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਦਰਜ ਹਨ। ਇਸ ਗ੍ਰੰਥ ਵਿਚਲੀਆਂ ਰਚਨਾਵਾਂ 'ਬਚਿੱਤਰ ਨਾਟਕ' ਅਤੇ 'ਜ਼ਫ਼ਰਨਾਮਾ' ਪੰਜਾਬ ਦੇ ਇਤਿਹਾਸਿਕ ਪੱਖ ਤੋਂ ਬੜੀਆਂ ਮਹੱਤਵਪੂਰਨ ਰਚਨਾਵਾਂ ਹਨ। ਭਾਈ ਗੁਰਦਾਸ ਰਚਿਤ 39 ਵਾਰਾਂ ਵੀ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਪ੍ਰਮੁੱਖ ਸੋਮੇ ਹਨ। ਇਨ੍ਹਾਂ ਵਾਰਾਂ ਵਿੱਚੋਂ ਪਹਿਲੇ 5 ਗੁਰੂ ਸਾਹਿਬਾਨਾਂ ਦੇ ਜੀਵਨ-ਬਿਰਤਾਂਤਾਂ, ਵਸਾਏ ਨਗਰਾਂ ਅਤੇ ਕੀਤੇ ਸ਼ਲਾਘਾਯੋਗ ਕਾਰਜਾਂ ਬਾਰੇ ਵਡਮੁੱਲੀ ਜਾਣਕਾਰੀ ਹਾਸਿਲ ਹੁੰਦੀ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਨਮ-ਸਾਖੀਆਂ ਤੇ ਹੋਰਨਾਂ ਗੁਰੂ ਸਾਹਿਬਾਨਾਂ ਨਾਲ ਸੰਬੰਧਿਤ ਮਿਲਦੇ ਹੁਕਮਨਾਮਿਆਂ ਤੋਂ ਸਾਨੂੰ ਗੁਰੂ ਸਾਹਿਬਾਨ ਦੇ ਸਮਕਾਲੀ ਸਮਾਜ ਅਤੇ ਸਿੱਖਾਂ ਬਾਰੇ ਵਡਮੁੱਲੀ ਜਾਣਕਾਰੀ ਹਾਸਿਲ ਹੁੰਦੀ ਹੈ।

ਇਸ ਤੋਂ ਇਲਾਵਾ ਹੋਰਨਾਂ ਮਹਾਨ ਲੇਖਕਾਂ ਵਿੱਚੋਂ ਕਵੀ ਸੈਨਾਪਤ ਦੁਆਰਾ 1741 ਈ. ਵਿੱਚ ਰਚਿਤ 'ਸ੍ਰੀ ਗੁਰਸੋਭਾ' ਵਿੱਚੋਂ 1699 ਈ. ਵਿੱਚ ਖ਼ਾਲਸਾ ਪੰਥ ਦੀ ਸਥਾਪਨਾ ਤੋਂ ਲੈ ਕੇ 1708 ਈ. ਤੱਕ ਦੀਆਂ ਘਟਨਾਵਾਂ ਦਾ ਗਿਆਨ ਹਾਸਿਲ ਹੁੰਦਾ ਹੈ। ਭਾਈ ਮਨੀ ਸਿੰਘ ਰਚਿਤ ਵਾਰਤਕ ਰਚਨਾ 'ਸਿੱਖਾਂ ਦੀ ਭਗਤਮਾਲਾ' ਸਿੱਖ ਗੁਰੂਆਂ ਦੇ ਸਮੇਂ ਦੇ ਸਮਾਜ ਦਾ ਤਸਵੀਰੀ-ਨਕਸ਼ਾ ਸਾਡੇ ਸਾਹਮਣੇ ਰੱਖਦੀ ਹੈ। ਕੇਸਰ ਸਿੰਘ ਛਿੱਬਰ ਰਚਿਤ 'ਬੰਸਾਵਲੀਨਾਮਾ' ਪੁਸਤਕ ਸਿੱਖ ਗੁਰੂ ਸਾਹਿਬਾਨਾਂ ਤੋਂ ਲੈ ਕੇ 18ਵੀਂ ਸਦੀ ਤੱਕ ਦੀਆਂ ਘਟਿਤ ਘਟਨਾਵਾਂ ਨੂੰ ਸਾਡੇ ਸਾਹਮਣੇ ਰੱਖਦੀ ਹੈ। ਭਾਈ ਸੰਤੋਖ ਸਿੰਘ ਰਚਿਤ 'ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ ਰਤਨ ਸਿੰਘ ਭੰਗੂ ਦੁਆਰਾ ਲਿਖੀ 'ਪ੍ਰਾਚੀਨ ਪੰਥ ਪ੍ਰਕਾਸ਼' ਆਦਿ ਪੁਸਤਕਾਂ ਵੀ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਪ੍ਰਸਿੱਧ ਇਤਿਹਾਸਿਕ ਦਸਤਾਵੇਜ਼ਾਂ ਵਿੱਚ ਗਿਣੀਆਂ ਜਾਂਦੀਆਂ ਹਨ।

ਉਪਰੋਕਤ ਮਹੱਤਵਪੂਰਨ ਸੋਮਿਆਂ ਤੋਂ ਇਲਾਵਾ ਭੱਟ-ਵਹੀਆਂ, ਖ਼ਾਲਸਾ ਦਰਬਾਰ ਦੇ ਰਿਕਾਰਡ, ਵਿਦੇਸ਼ੀ ਯਾਤਰੀਆਂ ਅਤੇ ਅੰਗਰੇਜ਼ਾਂ ਦੀਆਂ ਰਚਨਾਵਾਂ- ਮੈਲਕੋਮ ਦੀ 'ਸਕੈੱਚ ਆਫ਼ ਦੀ ਸਿੱਖਜ਼', ਐੱਚ.ਟੀ. ਪਰਿੰਸਪ ਦੀ 'ਓਰਿਜ਼ਿਨ ਆਫ਼ ਸਿੱਖ ਪਾਵਰ ਇਨ ਦੀ ਪੰਜਾਬ', ਸਟਾਈਨਬੱਥ ਰਚਿਤ 'ਦੀ ਪੰਜਾਬ' ਅਤੇ ਜੇ.ਡੀ. ਕਨਿੰਘਮ ਰਚਿਤ 'ਹਿਸਟਰੀ ਆਫ਼ ਦੀ ਸਿੱਖਜ਼' ਆਦਿ ਅਤੇ ਪੰਜਾਬ ਦੇ ਇਤਿਹਾਸਿਕ ਭਵਨਾਂ/ਕਿਲ੍ਹਿਆਂ ਵਿਚਲੇ ਚਿੱਤਰ ਅਤੇ ਸਿੱਖ-ਰਿਆਸਤਾਂ ਦੁਆਰਾ ਚਲਾਏ ਸਿੱਕੇ ਵੀ ਪੰਜਾਬ ਦੇ ਸਮਕਾਲੀਨ ਸਮਾਜ ਤੇ ਰਾਜਸੀ ਹਾਲਾਤਾਂ 'ਤੇ ਰੌਸ਼ਨੀ ਪਾਉਣ ਵਾਲੇ ਅਹਿਮ ਦਸਤਾਵੇਜ਼ ਹਨ।

**ਪੰਜਾਬ ਦੀ ਇਤਿਹਾਸਿਕ ਮਹੱਤਤਾ-** ਪੰਜਾਬ ਦੀ ਮੁੱਢਲੀ ਇਤਿਹਾਸਿਕ ਮਹੱਤਤਾ ਇਹ ਹੈ ਕਿ ਸੰਸਾਰ ਦੀਆਂ ਮੁੱਢਲੀਆਂ

[7] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 360

[8] ਉਹੀ, ਪੰਨਾ 722

[9] ਉਹੀ, ਪੰਨਾ 417

International Journal of Research in Economics and Social Sciences(IJRESS)
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
(An open access scholarly, peer-reviewed, interdisciplinary, monthly, and fully refereed journal.)

ਸੱਭਿਆਤਾਵਾਂ ਦੀ ਸਮਕਾਲੀ ਸੱਭਿਅਤਾ 'ਹੜੱਪਾ', ਜਿਸਨੂੰ ਸਿੰਧੂ ਘਾਟੀ ਦੀ ਸੱਭਿਅਤਾ ਵੀ ਕਿਹਾ ਜਾਂਦਾ ਹੈ, ਦੀ ਜਨਮ ਭੂਮੀ ਪੰਜਾਬ ਹੈ। ਇਸ ਸੱਭਿਅਤਾ ਨਾਲ ਸੰਬੰਧਿਤ ਮਹੱਤਵਪੂਰਨ ਸਥਾਨ: ਮਹਿੰਜੋਦੜੋ, ਕਾਲੀਬੰਗਾ, ਲੋਥਲ, ਰੋਪੜ, ਸੰਘੋਲ, ਰਾਖੀਗੜ੍ਹੀ, ਹੜੱਪਾ ਅਤੇ ਧੌਲਾਵੀਰਾ ਆਦਿ ਪੁਰਾਣੇ ਸਥਾਨ ਪੰਜਾਬ ਵਿੱਚ ਸਥਿਤ ਸਨ। ਸਿੰਧ ਘਾਟੀ ਦੀ ਸੱਭਿਅਤਾ ਨੂੰ 2500-1700 ਈ. ਪੂ. ਦੀ ਮੰਨਿਆ ਜਾ ਸਕਦਾ ਹੈ, ਭਾਵੇਂ ਇਸਦੇ ਕਾਲ ਬਾਰੇ ਭਿੰਨ-ਭਿੰਨ ਰਾਵਾਂ ਹਨ। ਕੁਝ ਵਿਦਵਾਨਾਂ ਅਨੁਸਾਰ ਇਸ ਸੱਭਿਅਤਾ ਦਾ ਵਿਕਾਸ 4000-2500 ਈ. ਪੂ. ਸਮੇਂ ਹੋਇਆ ਸੀ। ਸਿੰਧ ਘਾਟੀ ਦੀ ਸੱਭਿਅਤਾ ਸ਼ਹਿਰੀ ਸੱਭਿਅਤਾ ਸੀ।[10]

ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਕਰਕੇ ਪੰਜਾਬ ਪ੍ਰਾਚੀਨ ਕਾਲ ਤੋਂ ਹੀ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਕਰਦਾ ਰਿਹਾ ਹੈ। ਇਸ ਪੱਖੋਂ ਪੰਜਾਬ ਦੀ ਇਤਿਹਾਸਿਕ ਮਹੱਤਤਾ ਹੋਰ ਵੱਧ ਜਾਂਦੀ ਹੈ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ', 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' ਵਰਗੀਆਂ ਲੋਕ ਉਕਤੀਆਂ ਵੀ ਪੰਜਾਬ ਦੀ ਇਤਿਹਾਸਿਕ ਮਹੱਤਤਾ ਦੀ ਦੱਸ ਪਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਅਸਲ ਵਿੱਚ ਵਿਦੇਸ਼ੀ ਹਮਲਾਵਰਾਂ ਦਾ ਪ੍ਰਵੇਸ਼ ਦੁਆਰ ਹੋਣ ਕਰਕੇ ਪੰਜਾਬ ਵਾਸੀਆਂ ਅੰਦਰ ਜੂਝਣ, ਲੜਨ, ਅੜਨ ਤੇ ਖੜ੍ਹਨ ਦੀ ਪ੍ਰਵਿਰਤੀ ਭਾਰੂ ਰਹੀ ਹੈ। 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜ੍ਹਕ ਦੇ ਨਾਲ' ਬੋਲੀ ਪੰਜਾਬੀਆਂ ਦੇ ਅਜਿਹੇ ਚਰਿੱਤਰ/ਸੁਭਾਅ ਵੱਲ ਹੀ ਧਿਆਨ ਦਿਵਾਉਂਦੀ ਹੈ। ਵਿਦੇਸ਼ੀ ਹੱਲਿਆਂ ਕਾਰਨ ਪੰਜਾਬ ਵਾਸੀਆਂ ਦੀ ਰਾਜਨੀਤਿਕ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਜੀਵਨ-ਜਾਚ ਬਦਲਦੀ ਰਹੀ ਹੈ। ਜਿਸ ਕਾਰਨ ਇੱਥੋਂ ਦੀ ਨਸਲ, ਧਾਰਮਿਕ ਫ਼ਲਸਫ਼ੇ, ਸੱਭਿਆਚਾਰਕ ਰੀਤੀ-ਰਿਵਾਜ ਅਤੇ ਸਮਾਜਿਕ ਵਿਵਹਾਰ ਵੀ ਬਦਲਦੇ ਰਹੇ ਹਨ।

ਪੰਜਾਬ ਵਿੱਚ ਮੁਗ਼ਲ ਸਾਮਰਾਜ ਦੀ ਸਥਾਪਨਾ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਦੇ ਦੁਮੇਲ ਦਾ ਉਨ੍ਹਾਂ ਦੀ ਭਾਸ਼ਾ, ਸਾਹਿਤ ਅਤੇ ਕਲਾ 'ਤੇ ਚੋਖਾ ਪ੍ਰਭਾਵ ਪਿਆ। ਇਸ ਦੁਮੇਲ ਨਾਲ ਅਨੇਕਾਂ ਚੰਗੇ ਪ੍ਰਭਾਵ ਵੀ ਪ੍ਰਗਟ ਹੋਏ। ਦੋਵਾਂ ਸੰਪਰਦਾਵਾਂ/ਧਰਮਾਂ ਦੇ ਲੋਕਾਂ ਨੇ ਇੱਕ-ਦੂਜੇ ਤੋਂ ਚੰਗੇਰੇ ਗੁਣ ਗ੍ਰਹਿਣ ਕੀਤੇ। ਜਿਸ ਕਾਰਨ ਉਨ੍ਹਾਂ ਵਿੱਚ ਇੱਕ-ਦੂਜੇ ਪ੍ਰਤੀ ਸਹਿਣਸ਼ੀਲਤਾ ਵੀ ਉਤਪੰਨ ਹੋਈ। ਗੁਰੂ ਨਾਨਕ ਸਾਹਿਬ ਵਰਗੇ ਮਹਾਨ ਧਾਰਮਿਕ ਆਗੂਆਂ ਨੇ ਦੋਵਾਂ ਨੂੰ ਸਾਂਝੀਵਾਲਤਾ ਅਤੇ ਇੱਕ ਰੱਬ ਦੀ ਔਲਾਦ ਹੋਣ ਦੀ ਸਿੱਖਿਆ ਦਿੱਤੀ।

ਸਿੱਖ ਧਰਮ ਦੇ ਉੱਥਾਨ ਨੇ ਧਾਰਮਿਕ ਕੱਟੜਵਾਦ ਅਤੇ ਕਰਮ-ਕਾਂਡਾਂ ਦੇ ਚੱਕਰਵਿਊ ਵਿੱਚੋਂ ਪੰਜਾਬੀ ਲੋਕਾਈ ਨੂੰ ਕੱਢ ਕੇ ਉਸਨੂੰ ਨਿਵੇਕਲੇ, ਸਮਾਨਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਫ਼ਲਸਫ਼ੇ ਨਾਲ ਜੋੜਿਆ। ਭਾਵ ਦਸਾਂ ਸਿੱਖ ਗੁਰੂ ਸਾਹਿਬਾਨਾਂ ਨੇ ਆਪਣੇ ਜੀਵਨ ਕਾਲ ਅਤੇ ਜੀਵਨ-ਤਜ਼ਰਬਿਆਂ ਜ਼ਰ੍ਹੀਏ ਸੰਗਤ ਤੇ ਪੰਗਤ, ਮੀਰੀ ਤੇ ਪੀਰੀ, ਸੰਤ ਤੇ ਸਿਪਾਹੀ, ਮਰਨ ਤੇ ਮਿਟਣ ਜਿਹੇ ਸੰਕਲਪਾਂ ਰਾਹੀਂ ਪੰਜਾਬੀ ਲੋਕਾਈ ਤੱਕ ਗੁਰਮਤਿ ਸਿਧਾਂਤਾਂ ਦੀ ਪਹੁੰਚ ਕਰਵਾ ਕੇ ਇੱਕ ਨਿਰੋਆ ਸਮਾਜ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਈ।

(ੳ) "ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।"

(ਅ) "ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ।"

ਅਜਿਹੀਆਂ ਇਤਿਹਾਸਿਕ ਮਹੱਤਤਾ ਨਾਲ ਸੰਬੰਧਿਤ ਉਕਤੀਆਂ ਆਪਣੇ ਸਮੇਂ ਦੇ ਪੰਜਾਬ ਦੇ ਸਿੱਖਾਂ ਦੀ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਹਾਲਤ ਦੀ ਦੱਸ ਪਾਉਂਦੀਆਂ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਬੁੱਲ੍ਹੇ ਸ਼ਾਹ ਦੀਆਂ ਉਚਾਰੀਆਂ ਪੰਕਤੀਆਂ:

"ਭੂਰਿਆਂ ਵਾਲੇ ਰਾਜੇ ਕੀਤੇ,
ਮੁਗਲਾਂ ਜ਼ਹਿਰ ਪਿਆਲੇ ਪੀਤੇ।"

[10] ਉਹੀ, ਪੰਨਾ 418

**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਮੁਗ਼ਲਾਂ ਦੇ ਪਤਨ ਅਤੇ ਸਿੱਖ ਮਿਸਲਾਂ ਦੀ ਚੜ੍ਹਤ ਤੇ ਰਾਜ ਦਾ ਸੁੱਖ ਭੋਗਣ ਵੱਲ ਇਸ਼ਾਰਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਸਾਮਰਾਜ ਦਾ ਸਮਾਂ ਸ਼ਾਂਤੀ, ਸਾਂਝੀਵਾਲਤਾ ਤੇ ਸਮਾਨਤਾ ਜਿਹੇ ਗੁਣਾਂ ਦਾ ਧਾਰਨੀ ਹੋਣ ਕਰਕੇ ਉੱਤਮ ਰਾਜ ਹੋਣ ਦੀ ਦੱਸ ਪਾਉਂਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਅੰਗਰੇਜ਼ਾਂ ਦੀ ਆਮਦ ’ਤੇ ‘ਪਾੜੋ ਤੇ ਰਾਜ ਕਰੋ ਦੀ ਨੀਤੀ’ ਪੰਜਾਬ ਦੇ ਟੁਕੜੇ ਕਰਵਾ ਕੇ ਤੇ ਪੰਜਾਬੀਆਂ ਦੇ ਗਲੇ ਅੰਦਰ ਧਰਮ ਤੇ ਭਾਸ਼ਾਈ ਆਧਾਰਿਤ ਵੱਖਰਤਾ ਦਾ ਪਟਾ ਪਾ ਕੇ ਨਫ਼ਰਤ ਦੇ ਬੀਜ ਬੋ ਗਈ ਸੀ ਜਿਹੜੀ ਕਿ ਹੁਣ ਤੱਕ ਵੀ ਕਿਸੇ ਨਾ ਕਿਸੇ ਹੱਦ ਤੱਕ ਜਿਉਂਦੀ ਹੈ। ਵਰਤਮਾਨ ਸਮੇਂ ਸੋਸ਼ਲ ਮੀਡੀਆ ਆਧਾਰਿਤ ਸਾਈਟਾਂ ਫੇਸਬੁੱਕ, ਇੰਸਟਾਗ੍ਰਾਮ, ਵੱਟਸਐਪ ਆਦਿ ਰਾਹੀਂ ਦੋਵੇਂ ਪੰਜਾਬਾਂ- ਭਾਰਤੀ ਤੇ ਪਾਕਿਸਤਾਨੀ ਪੰਜਾਬ ਦੀ ਆਵਾਮ ਅੰਦਰ ਭਾਈਚਾਰਕ ਸਾਂਝ ਤੇ ਸਾਂਝੀਵਾਲਤਾ ਦੇ ਗੁਣ ਉੱਭਰ ਰਹੇ ਹਨ। ਉਮੀਦ ਹੈ ਦੋਵਾਂ ਪੰਜਾਬਾਂ ਦੇ ਲੋਕਾਂ ਅੰਦਰ ਇਤਫ਼ਾਕ, ਵਿਸ਼ਵਾਸ ਤੇ ਪਿਆਰ ਕਾਇਮ ਹੋਵੇਗਾ।

**ਸਿੱਟਾ:-** ਪੰਜਾਬ ਧਰਤੀ ਦਾ ਉਹ ਪੰਘੂੜਾ ਹੈ, ਜਿੱਥੇ ਗੁਰੂਆਂ-ਪੀਰਾਂ, ਫ਼ਕੀਰਾਂ, ਨਾਥਾਂ ਤੇ ਜੋਗੀਆਂ ਨੇ ਜਨਮ ਲਿਆ। ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਉਕਤੀ ਪੰਜਾਬੀਆਂ ਦੇ ਹਮੇਸ਼ਾਂ ਵਿਦੇਸ਼ੀ ਹਮਲਾਵਰਾਂ ਵਿਰੁੱਧ ਡਟਣ ਤੇ ਲੜਨ ਦੀ ਦੱਸ ਪਾਉਂਦੀ ਪ੍ਰਤੀਤ ਹੁੰਦੀ ਹੈ। ਪੰਜਾਬ ਦੇ ਇਤਿਹਾਸ ਦੇ ਸੋਮਿਆਂ/ਦਸਤਾਵੇਜ਼ਾਂ ਵਿੱਚ ਸਭ ਤੋਂ ਮਹੱਤਵਪੂਰਨ ਹਨ: ਫ਼ਾਰਸੀ ਭਾਸ਼ਾ ਆਧਾਰਿਤ ਲਿਖ਼ਤਾਂ, ਸਿੱਖ ਧਰਮ ਨਾਲ ਸੰਬੰਧਿਤ ਗ੍ਰੰਥ ਅਤੇ ਲਿਖਤਾਂ, ਭੱਟ ਵਹੀਆਂ, ਗੁਰੂ ਸਾਹਿਬਾਨਾਂ ਦੇ ਹੁਕਮਨਾਮੇ, ਵਿਦੇਸ਼ੀ ਯਾਤਰੀਆਂ ਅਤੇ ਅੰਗਰੇਜ਼ਾਂ ਦੀਆਂ ਰਚਨਾਵਾਂ ਅਤੇ ਪੰਜਾਬ ਦੇ ਇਤਿਹਾਸਿਕ ਭਵਨਾਂ/ਕਿਲ੍ਹਿਆਂ ਵਿੱਚ ਕੀਤੀ ਚਿੱਤਰਕਾਰੀ ਅਤੇ ਸਿੱਖ ਸਰਦਾਰਾਂ ਦੁਆਰਾ ਚਲਾਏ ਸਿੱਕੇ ਆਦਿ। ਪੰਜਾਬ ਦੀ ਇਤਿਹਾਸਿਕ ਮਹੱਤਤਾ ਇੱਕ ਤਾਂ ਸਿੰਧ ਘਾਟੀ ਦੀ ਸੱਭਿਅਤਾ ਦਾ ਜਨਮ ਸਥਾਨ ਹੋਣ ਕਰਕੇ ਹੈ, ਦੂਜਾ ਵਿਦੇਸ਼ੀ ਹਮਲਾਵਰਾਂ ਦਾ ਪ੍ਰਵੇਸ਼ ਦੁਆਰਾ ਹੋਣ ਕਰਕੇ ਇੱਥੋਂ ਦੇ ਵਾਸੀਆਂ ਅੰਦਰ ਅੜਨ-ਖੜ੍ਹਨ ਤੇ ਲੜਨ ਦੇ ਮੁੱਦਈ ਹੋਣ ਕਰਕੇ ਹੈ।